# ਪ੍ਰਮਾਤਮਾ ਦੀ ਸਹਿਜ ਨਾਲ ਭਗਤੀ

# ਪ੍ਰਮਾਤਮਾ ਦੀ ਸਹਿਜ ਨਾਲ ਭਗਤੀ

(ਸ਼ਰਧਾ ਤੇ ਪਿਆਰ ਵਿਚ ਭਗਤ ਦੇ ਮਨ ਦੀ ਨਿਰੰਤਰ, ਸੁਤੇ ਸਿਧ,
ਅਨੰਦਮਈ ਤੇ ਆਪਣੇ ਆਪ ਪ੍ਰਮਾਤਮਾ,ਗੁਰੂ ਤੇ ਸੰਤਾਂ ਨਾਲ ਸਾਂਝ)

ਲੇਖਕ—
**ਅਮਰਜੀਤ ਸਿੰਘ ਬਲ**

ਪ੍ਰਕਾਸ਼ਕ :-
**ਭਾ. ਚਤਰ ਸਿੰਘ ਜੀਵਨ ਸਿੰਘ**
ਅੰਮ੍ਰਿਤਸਰ

© ਅਮਰਜੀਤ ਸਿੰਘ ਬਲ

ISBN :

ਪਹਿਲੀ ਐਡੀਸ਼ਨ- ਜੂਨ 2017

ਭੇਟਾ :

ਪ੍ਰਕਾਸ਼ਕ:-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : 91-183-5011003, 2542346, 2547974,

ਫੈਕਸ : 91-183-5017488

E.Mail : csjssales@hotmail.com

csjspurchase@yahoo.com

Web site : www.csjs.com

(f) www.facebook.com/csjsamritsar

ਜ਼ਰੂਰੀ ਬੇਨਤੀ—ਇਸ ਪੁਸਤਕ ਵਿਚ ਭਗਤੀ-ਭਾਵਨਾ ਤੇ ਗੁਰਬਾਣੀ ਵਿਆਖਿਆ ਨੂੰ ਲੇਖਕ ਨੇ ਆਪਣੇ ਤਜਰਬੇ ਤੇ ਪੜਚੋਲ ਤੇ ਆਧਾਰਤ ਲਿਖਿਆ ਹੈ। ਜੇ ਕਿਸੇ ਪਾਠਕ, ਸੱਜਣ ਨੂੰ ਕਿਸੇ ਸ਼ਬਦ ਬਾਰੇ ਇਤਰਾਜ਼ ਹੋਵੇ, ਤਾਂ ਇਸ ਦਾ ਜ਼ੁੰਮੇਵਾਰ ਲੇਖਕ ਹੀ ਹੋਵੇਗਾ, ਪ੍ਰਕਾਸ਼ਕ ਜਾਂ ਪ੍ਰਿੰਟਰ ਜਵਾਬਦੇਹ ਨਹੀਂ ਹੋਵੇਗਾ।

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।*

# ਸਮਰਪਣ

ਸਾਧਸੰਗਤ ਨੂੰ ਸਮਰਪਿਤ
ਸੰਤ ਜੋ ਪ੍ਰਮਾਤਮਾ ਨੂੰ ਸਿਮਰਦੇ ਹਨ
ਤੇ ਹੋਰਨਾਂ ਨੂੰ ਵੀ ਪ੍ਰਮਾਤਮਾ ਦੇ ਨਾਮ ਸਿਮਰਨ ਵਿਚ
ਜੋੜਨ ਲਈ ਸਹਾਈ ਹੁੰਦੇ ਹਨ।

# ਤਤਕਰਾ


| | |
|---|---|
| **ਭੂਮਿਕਾ** | **ਚ** |
| **ਪੁਸਤਕ ਬਾਬਤ ਸੰਖੇਪ ਕਥਨ** | **ਞ** |
| **ਦੋ ਸ਼ਬਦ** | **ਡ** |
| **ਪਾਠਕਾਂ ਵਾਸਤੇ ਨੋਟ** | **ਢ** |
| **ਅਧਿਆਇ 1** | |
| ਮਹੱਤਵਪੂਰਨ ਪ੍ਰੀਭਾਸ਼ਾਵਾਂ ਬਾਰੇ ਜਾਣਕਾਰੀ | 1 |
| **ਅਧਿਆਇ 2** | |
| **ਸਿੱਖ ਦੀ ਆਪਣੇ ਗੁਰੂ ਵਿਚ ਸ਼ਰਧਾ** | **11** |
| **ਅਧਿਆਇ 3** | |
| ਗੁਰੂ ਦੇ ਬ੍ਰਹਮ ਗਿਆਨ ਦੇ ਉਪਦੇਸ਼ | 17 |
| ਜਪੁਜੀ ਸਾਹਿਬ ਤੋਂ ਲਏ ਗਏ ਉਪਦੇਸ਼ | 17 |
| ਸੋ ਦਰੁ ਰਾਗੁ ਆਸਾ ਮਹਲਾ ੧ | 47 |
| ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ | 50 |
| ਰਾਗੁ ਆਸਾ ਮਹਲਾ ੧ | 51 |
| ਰਾਗ ਧਨਾਸਰੀ ਮਹਲਾ ੧ | 51 |
| ਰਾਗੁ ਸਿਰੀਰਾਗੁ ਮਹਲਾ ੧ ਘਰੁ ੧ | 52 |
| ਰਾਗੁ ਮਾਝ ਅਸਟਪਦੀਆ ਮਹਲਾ ੧ | 111 |
| ਵਾਰ ਮਾਝ ਕੀ ਤਥਾ ਸਲੋਕ ਮਹਲਾ ੧ | 112 |
| ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ | 153 |
| ਰਾਗੁ ਗਉੜੀ ਅਸਟਪਦੀਆ ਮਹਲਾ ੧<br>ਗਉੜੀ ਗੁਆਰੇਰੀ | 172 |
| ਗਉੜੀ ਬੈਰਾਗਣਿ ਮਹਲਾ ੧ | 192 |

ਰਾਗੁ ਗਉੜੀ ਪੂਰਬੀ ਛੰਤ ਮਹਲਾ ੧ 195

ਗਉੜੀ ਛੰਤ ਮਹਲਾ ੧ 197

ਗੁਰੂ ਸਾਹਿਬਾਨ ਦੇ ਸ਼ਬਦ
ਗੁਰੂ ਗ੍ਰੰਥ ਸਾਹਿਬ ਦੇ ਵਿਚ 219

ਭਗਤਾਂ ਦੇ ਸ਼ਬਦਾਂ ਤੋਂ ਲਏ ਗਏ ਉਪਦੇਸ਼ਾਂ ਦਾ ਸੰਗ੍ਰਹਿ 237

- ਭਗਤ ਤ੍ਰਿਲੋਚਨ ਜੀ 257
- ਭਗਤ ਧੰਨਾ ਜੀ 258
- ਸ਼ੇਖ਼ ਫ਼ਰੀਦ ਜੀ 259
- ਭਗਤ ਬੇਣੀ ਜੀ 259
- ਭਗਤ ਜੈ ਦੇਵ ਜੀ 260
- ਭਗਤ ਭੀਖਨ ਜੀ 261
- ਭਗਤ ਸੈਣ ਜੀ 262
- ਭਗਤ ਪੀਪਾ ਜੀ 263
- ਭਗਤ ਸਧਨਾ ਜੀ 264
- ਭਗਤ ਰਾਮਾਨੰਦ ਜੀ 265
- ਭਗਤ ਪਰਮਾਨੰਦ ਜੀ 266
- ਭਗਤ ਰਵਿਦਾਸ ਜੀ 266
- ਭਗਤ ਨਾਮਦੇਵ ਜੀ 268
- ਭਗਤ ਸੂਰਦਾਸ ਜੀ 268

**ਅਧਿਆਇ 4**

ਭਗਤ ਦੇ ਪ੍ਰਮਾਤਮਾ ਨਾਲ ਭਾਵਨਾਤਮਕ (ਜਜ਼ਬਾਤੀ) ਸੰਬੰਧ 270

- **ਪ੍ਰਮਾਤਮਾ 'ਤੇ ਵਿਸ਼ਵਾਸ : 271**
- **ਪ੍ਰਮਾਤਮਾ 'ਤੇ ਭਰੋਸਾ : 271**
- **ਪ੍ਰਮਾਤਮਾ ਪ੍ਰਤੀ ਆਗਿਆਕਾਰੀ : 272**
- **ਪ੍ਰਮਾਤਮਾ ਦੇ ਵਿਅੱਕਤਿੱਤਵ ਪ੍ਰਤੀ ਹੈਰਾਨੀ 272**
- **ਪ੍ਰਮਾਤਮਾ ਨੂੰ ਪਾਉਣ ਦੀ ਇੱਛਾ : 272**
- **ਪ੍ਰਮਾਤਮਾ ਦੀ ਸੇਵਾ : 273**
- **ਪ੍ਰਮਾਤਮਾ ਦਾ ਸ਼ੁਕਰਾਨਾ : 273**

ਪ੍ਰਮਾਤਮਾ ਦੀ ਉਪਾਸ਼ਨਾ : 273
ਪ੍ਰਮਾਤਮਾ ਪ੍ਰਤੀ ਵਫ਼ਾਦਾਰੀ : 274
ਪ੍ਰਮਾਤਮਾ ਨਾਲ ਨਜ਼ਦੀਕੀ (ਨੇੜਤਾ) : 274
ਪ੍ਰਮਾਤਮਾ ਅੱਗੇ ਨਿਮਰਤਾ : 274
ਪ੍ਰਮਾਤਮਾ 'ਤੇ ਧਿਆਨ : 275
ਪ੍ਰਮਾਤਮਾ ਨਾਲ ਨੇੜਤਾ ਦੀ ਅਨਮੋਲਤਾ : 275
ਪ੍ਰਮਾਤਮਾ ਨੂੰ ਪ੍ਰਸੰਨ ਕਰਨਾ : 276
ਪ੍ਰਮਾਤਮਾ ਅੱਗੇ ਅਰਜ਼ੋਈ : 276
ਪ੍ਰਮਾਤਮਾ ਨਾਲ ਇੱਕ-ਮਿੱਕਤਾ (ਮੇਲ) : 277
ਪ੍ਰਮਾਤਮਾ ਬੰਧਨਾਂ ਤੋਂ ਮੁਕਤੀ ਦਿੰਦਾ ਹੈ : 277
ਪ੍ਰਮਾਤਮਾ ਨਾਲ ਦ੍ਰਿੜ ਰਿਸ਼ਤਾ : 277
ਪ੍ਰਮਾਤਮਾ ਨਾਲ ਸਰਲ ਤੇ ਸ਼ੁੱਧ ਰਿਸ਼ਤਾ : 277
ਪ੍ਰਮਾਤਮਾ ਦਾ ਚੁੰਬਕੀਕਰਣ : 278
ਪ੍ਰਮਾਤਮਾ ਨਾਲ ਮੇਲ ਮਿਲਾਪ : 278
ਪ੍ਰਮਾਤਮਾ ਦੇ ਅਹਿਸਾਨ ਚੁਕਾਉਣਾ : 278
ਪ੍ਰਮਾਤਮਾ ਦੀ ਭਗਤੀ : 279
ਪ੍ਰਮਾਤਮਾ ਦਾ ਆਸਰਾ : 279
ਪ੍ਰਮਾਤਮਾ ਪ੍ਰਤੀ ਵਫ਼ਾਦਾਰੀ : 279
ਪ੍ਰਮਾਤਮਾ ਦੇ ਦਰਸ਼ਨ : 280
ਪ੍ਰਮਾਤਮਾ ਤੋਂ ਵਿਛੋੜੇ ਦੇ ਦੁੱਖ-ਦਰਦ : 280
ਪ੍ਰਮਾਤਮਾ ਤੋਂ ਵਿਛੋੜੇ ਨਾਲ ਗੁਜ਼ਾਰੇ ਜੀਵਨ ਤੇ ਪਛਤਾਵਾ : 280
ਪ੍ਰਮਾਤਮਾ ਦੀ ਦਿਆਲਤਾ : 280
ਪ੍ਰਮਾਤਮਾ ਦੀ ਉਪਾਸ਼ਨਾ : 281
ਪ੍ਰਮਾਤਮਾ ਨਾਲ ਸਭ ਤੋਂ ਪਿਆਰਾ ਅਤੇ ਸਭ ਤੋਂ ਕੀਮਤੀ ਰਿਸ਼ਤਾ: 281
ਪ੍ਰਮਾਤਮਾ ਵੱਲੋਂ ਮੁਆਫ਼ੀ : 281
ਪ੍ਰਮਾਤਮਾ ਦੀ ਮਿਹਰ : 281
ਪ੍ਰਮਾਤਮਾ ਦਾ ਸੰਪੂਰਨ ਰਾਜ : 282

ਪ੍ਰਮਾਤਮਾ ਦੀ ਸ੍ਰੇਸ਼ਟ ਭਗਤੀ : 282
ਪ੍ਰਮਾਤਮਾ ਇਕ ਮਿੱਤਰ ਅਤੇ ਮਾਤਾ-ਪਿਤਾ ਵਜੋਂ : 283
**ਅਧਿਆਇ 5**
ਅਧਿਆਤਮਿਕ ਪ੍ਰਗਤੀ (ਉੱਨਤੀ) 285
**ਅਧਿਆਇ 6**
ਗੁਰੂ ਦੇ ਬ੍ਰਹਮ ਗਿਆਨ ਦੇ
ਉਪਦੇਸ਼ਾਂ ਦਾ ਸਾਰ 301
**ਅਧਿਆਇ 7**
ਸਿੱਖ ਗੁਰੂਆਂ ਦੇ ਉਪਦੇਸ਼ਾਂ ਦੀ ਸੂਚੀ 307
**ਅਧਿਆਇ 8**
ਸਿੱਟਾ : ਗੁਰੂ ਅਤੇ ਪ੍ਰਮਾਤਮਾ ਦਾ ਦਰਸ਼ਨ 324
ਅਤਿਅੰਤ ਮੁਸ਼ਕਿਲਾਂ ਵਿਚ ਸਹਿਜ ਨਾਲ
ਪ੍ਰਮਾਤਮਾ ਦੀ ਭਗਤੀ ਕਰਨਾ : 327

# ਭੂਮਿਕਾ

ਗੁਰੂ ਦੇ ਬ੍ਰਹਮ ਗਿਆਨ ਮੁਤਾਬਿਕ ਇਕ ਦੂਸਰੇ ਨਾਲ ਪਿਆਰ ਪ੍ਰਮਾਤਮਾ, ਗੁਰੂ ਤੇ ਸੰਤਾਂ ਦਰਮਿਆਨ ਇਕ ਸਾਂਝ ਹੈ। ਇਸ ਸਾਰੀ ਪੁਸਤਕ ਵਿਚ ਭਗਤਾਂ ਦੀ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਸ਼ਰਧਾ-ਭਗਤੀ ਤੇ ਪਿਆਰ ਦਾ ਜ਼ਿਕਰ ਹੈ। ਗੁਰੂ ਦੇ ਸਿੱਖ ਤੇ ਪ੍ਰਮਾਤਮਾ ਦੇ ਭਗਤ ਇਨ੍ਹਾਂ ਤਿੰਨਾਂ ਪ੍ਰਤੀ ਸ਼ਰਧਾ-ਭਗਤੀ ਤੇ ਪ੍ਰੇਮ ਮਹਿਸੂਸ ਕਰਦੇ ਹਨ।

ਗਿਆਨ ਦੀ ਸਹਿਜ ਅਵਸਥਾ ਦਾ ਅਰਥ ਹੈ ਕਿ ਰੂਹਾਨੀ ਵਿਚਾਰ ਤੇ ਰੂਹਾਨੀ ਭਾਵਨਾ, ਜਿਹੜੀ ਕਿ ਪ੍ਰਮਾਤਮਾ ਦੀ ਭਗਤੀ ਨਾਲ ਜੋੜਦੀ ਹੈ, ਇਹ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਮ ਗਿਆਨ ਦਾ ਮੁੱਖ ਵਿਸ਼ਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਗੱਲ ਉਤੇ ਤਾਕੀਦ ਕਰਦੀ ਹੈ ਕਿ ਗੁਰੂਆਂ, ਭਗਤਾਂ ਤੇ ਸਿੱਖਾਂ ਦਾ ਗਿਆਨ ਉਪਦੇਸ਼ ਹੀ ਸਹਿਜ ਅਵਸਥਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਹਿਲਾ ਸ਼ਬਦ ਦੱਸਦਾ ਹੈ, ਉਹ ਅਕਾਲ ਪੁਰਖ ਪਰਮੇਸ਼ਰ ਸਰਬ ਵਿਆਪਕ ਹੈ, ਉਸ ਦੀ ਵਡਿਆਈ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿੱਖ ਉਸ ਪ੍ਰਮਾਤਮਾ ਨੂੰ ਮੰਨਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਉਸ ਸਿਰਜਣਹਾਰ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ।

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਜੀਵ ਸੱਚੇ ਗੁਰੂ, ਗੁਰੂ ਗ੍ਰੰਥ ਸਾਹਿਬ ਦਾ ਸਿੱਖ ਹੁੰਦਾ ਹੈ। ਵੱਡੇ ਭਾਗਾਂ ਨਾਲ ਜੀਵ ਇਸਤ੍ਰੀ ਜਾਂ ਪੁਰਸ਼ ਗੁਰੂ ਦੇ ਬ੍ਰਹਮ ਗਿਆਨ ਨੂੰ ਸਿਮਰਦਾ ਹੈ। ਵੱਡੇ ਭਾਗਾਂ ਨਾਲ ਜੀਵ ਗਿਆਨ ਦੀ ਸਹਿਜ ਅਵਸਥਾ ਵਿਚ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਜੁੜਦਾ ਹੈ। ਮਨ ਵਿਚ ਗਿਆਨ ਦੀ ਸਹਿਜ ਅਵਸਥਾ ਤਦ ਹੁੰਦੀ ਹੈ, ਜਦ ਸ਼ਰਧਾਲੂ ਪ੍ਰਮਾਤਮਾ ਨਾਲ ਉਸ ਦੀ ਵਡਿਆਈ ਤੇ ਭਗਤੀ ਭਾਵਨਾ ਵਿੱਚ ਜੁੜਦਾ ਹੈ। ਪ੍ਰਮਾਤਮਾ ਦਾ ਭਗਤ ਗੁਰੂ ਗ੍ਰੰਥ ਸਾਹਿਬ ਤੇ ਸੰਤਾਂ ਨਾਲ ਵੀ ਸ਼ਰਧਾ-ਭਗਤੀ ਦੀ ਭਾਵਨਾ ਨਾਲ ਜੁੜਿਆ ਹੁੰਦਾ ਹੈ।

ਬ੍ਰਹਮ ਗਿਆਨ ਦੀ ਸਿੱਖਿਆ ਉਤੇ ਤੁਰ ਕੇ ਅੱਗੇ ਤਾਂ ਹੀ ਵਧਿਆ ਜਾ ਸਕਦਾ ਹੈ, ਜੇਕਰ ਸਿੱਖ ਪੂਰਨ ਗੁਰੂ ਗ੍ਰੰਥ ਸਾਹਿਬ ਉਤੇ ਪੂਰਾ ਭਰੋਸਾ ਰੱਖਦਾ ਹੈ, ਤੇ ਸਤਿਗੁਰੂ, ਸੰਤਾਂ ਤੇ ਪ੍ਰਮਾਤਮਾ ਦੇ ਸੱਚੇ ਉਪਦੇਸ਼ਾਂ 'ਤੇ ਵਿਸ਼ਵਾਸ ਰੱਖਦਾ, ਤੇ ਸਮਰਥ ਗੁਰੂ ਦੇ ਬ੍ਰਹਮ ਗਿਆਨ ਦੇ ਉਪਦੇਸ਼ਾਂ 'ਤੇ ਯਕੀਨ ਰੱਖਦਾ ਹੈ। ਜੇਕਰ ਜੀਵ ਇਨ੍ਹਾਂ ਤਿੰਨਾਂ ਵਿਸ਼ਿਆਂ ਉਤੇ ਕੋਈ ਸ਼ੱਕ

ਕਰਦਾ ਹੈ ਤਾਂ ਉਹ ਬ੍ਰਹਮ ਗਿਆਨ ਦੀ ਸਿੱਖਿਆ ਉਪਰ ਅਗਾਂਹ ਨਹੀਂ ਵਧ ਸਕਦਾ। ਇਸ ਦਾ ਮਤਲਬ ਇਹ ਨਹੀਂ ਕਿ ਉਹ ਗੁਰਸਿੱਖ ਗੁਰੂ ਦੇ ਉਪਦੇਸ਼ਾਂ ਉਪਰ ਕੋਈ ਸਪਸ਼ਟੀਕਰਨ ਨਾ ਮੰਗੇ। ਅਸਲ ਵਿਚ ਇਹ ਜ਼ਰੂਰੀ ਹੈ ਕਿ ਸਿੱਖ ਗੁਰੂ ਦੇ ਉਪਦੇਸ਼ਾਂ ਨੂੰ ਸਮਝਣ ਦੀ ਪੂਰੀ ਕੋਸ਼ਿਸ਼ ਕਰੇ। ਇਸ ਵਾਸਤੇ ਇਹ ਚੰਗਾ ਹੈ ਕਿ ਪ੍ਰਸ਼ਨ ਪੁੱਛੇ ਜਾਣ ਤੇ ਉਨ੍ਹਾਂ ਦੇ ਉੱਤਰਾਂ ਲਈ ਅਰਜ਼ੋਈ ਕੀਤੀ ਜਾਵੇ।

ਪ੍ਰਮਾਤਮਾ ਨੂੰ ਗੁਰੂ ਦੇ ਉਪਦੇਸ਼ ਬਿਨਾਂ ਜਾਣਿਆ ਨਹੀਂ ਜਾ ਸਕਦਾ। ਉਸ ਨੂੰ ਕਿਸੇ ਤਰ੍ਹਾਂ ਵੀ ਆਪਣੀ ਬੁੱਧੀ, ਸਿੱਖਿਆ, ਮਾਇਆ, ਸ਼ਕਤੀ, ਆਤਮ-ਅਨੁਸ਼ਾਸਨ ਜਾਂ ਕਿਸੇ ਹੋਰ ਤਰੀਕੇ ਨਾਲ ਨਹੀਂ ਜਾਣਿਆ ਜਾ ਸਕਦਾ। ਉਸ ਨੂੰ ਭਗਤੀ ਤੇ ਸਿਮਰਨ ਰਾਹੀਂ ਜਾਣਿਆ ਜਾ ਸਕਦਾ ਹੈ। ਸੱਚੇ ਗੁਰੂ ਦੇ ਉਪਦੇਸ਼ ਰਾਹੀਂ ਭਗਤੀ ਬਖ਼ਸ਼ੀ ਜਾ ਸਕਦੀ ਹੈ। ਜੇਕਰ ਜੀਵ ਦੀ ਭਗਤੀ ਤੀਬਰ ਹੈ ਤਾਂ ਉਹ ਪ੍ਰਮਾਤਮਾ ਨੂੰ ਆਪਣੇ ਅੰਦਰ ਮਹਿਸੂਸ ਕਰਦਾ ਹੈ। ਜੇਕਰ ਉਹ ਸੁਭਾਵਕ ਹੀ ਪ੍ਰਮਾਤਮਾ ਦੀ ਭਗਤੀ ਵਿਚ ਜੁੜਦਾ ਹੈ ਤਾਂ ਉਹ ਆਪਣੇ ਆਪ ਵਿੱਚ ਹਰ ਕਿਸੇ ਵਿੱਚ ਅਤੇ ਹਰ ਥਾਂ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਮਹਿਸੂਸ ਕਰਦਾ ਹੈ। ਗੁਰਬਾਣੀ ਵਿਚ ਅੰਕਿਤ ਪ੍ਰਮਾਤਮਾ ਦੀਆਂ ਵਡਿਆਈਆਂ ਨੂੰ ਭਗਤ ਰਾਹੀਂ ਹੀ ਸਪੱਸ਼ਟ ਤੌਰ 'ਤੇ ਸੱਚਾ ਜਾਣਿਆ ਜਾਂਦਾ ਹੈ। ਇਹ ਦੂਜੇ ਦਰਜੇ ਦੀ ਜਾਣਕਾਰੀ ਦੇ ਵਿਸ਼ੇ ਨਹੀਂ।

ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਸਿੱਖ ਦੇ ਮਨ ਵਿਚ ਪ੍ਰਮਾਤਮਾ, ਗੁਰੂ ਤੇ ਸੰਤਾਂ ਪ੍ਰਤੀ ਭਗਤੀ-ਭਾਵਨਾ ਨਾਲ ਜੁੜੇ ਹੋਏ ਹਨ। ਗਿਆਨ ਦੀ ਸਹਿਜ ਅਵਸਥਾ ਦਾ ਸ਼ਿਖਰ ਸਿੱਖ ਦੀ ਸ਼ਰਧਾ ਭਾਵਨਾ ਹੈ। ਇਸ ਹਾਲਤ ਵਿਚ ਸਿੱਖ ਦਾ ਮਨ ਸੁੱਤੇ ਸਿਧ, ਪਿਆਰ ਅਤੇ ਸ਼ਰਧਾ ਨਾਲ ਗੁਰੂ, ਸੰਤਾਂ ਤੇ ਪ੍ਰਮਾਤਮਾ ਨਾਲ ਜੁੜਿਆ ਹੁੰਦਾ ਹੈ। ਜੀਵ ਦਾ ਸਿੱਧਾ ਤੇ ਨਿਰੰਤਰ ਪ੍ਰਮਾਤਮਾ ਨਾਲ ਰਿਸ਼ਤਾ ਸਾਡੀ ਗੱਲਬਾਤ ਦਾ ਵਿਸ਼ਾ ਹੈ।

ਸਾਡੀ ਗੱਲਬਾਤ ਦੇ ਮੁਖ ਵਿਸ਼ੇ ਹੇਠ ਲਿਖੇ ਹਨ :-

- ਪ੍ਰਮਾਤਮਾ ਤੇ ਜੀਵ ਵਿਚਕਾਰ ਭਗਤੀ ਭਾਵਨਾ ਦਾ ਸੰਬੰਧ ਕੌਣ ਸਥਾਪਿਤ ਕਰਦਾ ਹੈ ?
- ਇਹ ਸੰਬੰਧ ਕਿਵੇਂ ਬਣਦਾ ਹੈ ?
- ਉਹ ਕਿਹੜੇ ਸੰਕੇਤ ਹਨ ਜਿਹੜੇ ਇਹ ਦੱਸਦੇ ਹਨ ਕਿ ਜੀਵ ਦੇ ਪ੍ਰਮਾਤਮਾ ਨਾਲ ਸੰਬੰਧ ਜੁੜ ਗਏ ਹਨ ?
- ਇਸ ਰਿਸ਼ਤੇ ਦਾ ਸ਼ਿਖਰ ਕਿਵੇਂ ਬਿਆਨ ਕੀਤਾ ਜਾਂਦਾ ਹੈ ?
- ਇਸ ਰਿਸ਼ਤੇ ਦੇ ਜੀਵ ਨੂੰ ਕੀ ਫਾਇਦੇ ਹਨ ?

ਅਸੀਂ ਗੁਰੂ ਦੇ ਸਿੱਖ ਦੇ ਅਨੁਭਵ ਉਤੇ ਵਿਚਾਰ ਕਰਦੇ ਹਾਂ, ਜਿਵੇਂ ਕਿ ਗੁਰੂ ਪ੍ਰਮਾਤਮਾ, ਸਤਿਗੁਰੂ ਤੇ ਸੰਤਾਂ ਨਾਲ ਪ੍ਰੇਮ ਤੇ ਭਗਤੀ-ਭਾਵਨਾ ਦੇ ਮਹੱਤਵ ਦਾ ਉਪਦੇਸ਼ ਬਖ਼ਸ਼ਦਾ ਹੈ। ਅਸੀਂ ਭਗਤੀ ਦੀ ਮਾਨਸਿਕ ਯਾਤਰਾ ਸ਼ੁਰੂ ਤੋਂ ਲੈ ਕੇ ਅੰਤ ਤਕ ਮੁਕੰਮਲ ਕਰਦੇ ਹਾਂ। ਭਗਤੀ

ਦਾ ਸ਼ਿਖਰ ਮਨ ਦਾ ਸੁਭਾਵਕ ਸ਼ਰਧਾ ਤੇ ਪ੍ਰੇਮ ਨਾਲ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਜੁੜਣਾ ਹੈ।

ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਸਦਾ ਵਾਸਤੇ ਭਗਤ ਦੇ ਮਨ ਦਾ ਜੁੜਣਾ ਹੀ ਭਗਤੀ ਦਾ ਸ਼ਿਖਰ ਹੈ। ਇਹ ਸੰਬੰਧ ਮਜਬੂਤ ਹੈ। ਇਹ ਸਦੀਵੀ ਹੈ। ਇਹ ਜੀਵਨ ਦੇ ਬੰਧਨਾਂ ਤੋਂ ਬਚਾਉਂਦਾ ਹੈ। ਭਗਤ ਦਾ ਇਹ ਅਨੁਭਵ ਤੇ ਭਾਵਨਾ ਦੋਵੇਂ ਹੀ ਸਦਾ ਵਾਸਤੇ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਜੋੜੀ ਰੱਖਦੇ ਹਨ।

ਗਿਆਨ ਦੀ ਸਹਿਜ ਅਵਸਥਾ ਤਾਂ ਹੀ ਬਣ ਸਕਦੀ ਹੈ ਜੇਕਰ ਪ੍ਰਮਾਤਮਾ ਗੁਰੂ ਦੇ ਸਿੱਖ ਉਪਰ ਮਿਹਰ ਬਖ਼ਸ਼ਦਾ ਹੈ। ਗੁਰੂ ਦੇ ਬ੍ਰਹਮ ਗਿਆਨ ਰਾਹੀਂ ਭਗਤ ਦੇ ਅੰਦਰ ਗੁਰੂ, ਸੰਤ ਤੇ ਪ੍ਰਮਾਤਮਾ ਪ੍ਰਤੀ ਸ਼ਰਧਾ ਭਾਵਨਾ ਤਾਂ ਹੀ ਪੈਦਾ ਹੁੰਦੀ ਹੈ, ਜਦ ਸਿੱਖ ਗਿਆਨ ਦੀ ਸਹਿਜ ਅਵਸਥਾ ਨੂੰ ਅਨੁਭਵ ਕਰਦਾ ਹੈ।

ਹਰੇਕ ਅਧਿਆਇ ਵਿਚ ਕਰਤਾਰ ਉਪਰ ਪੂਰਨ ਵਿਸ਼ਵਾਸ ਰੱਖ ਕੇ ਉਸ ਦੇ ਸਿਧਾਂਤਾਂ ਨੂੰ ਸਮਝਣਾ ਜ਼ਰੂਰੀ ਹੈ। ਇਹ ਸਾਰੀ ਸ੍ਰਿਸ਼ਟੀ ਉਸ ਕਰਤਾਰ ਨੇ ਸਿਰਜੀ ਹੈ। ਉਹ ਸਰਬ ਵਿਆਪਕ ਹੈ। ਉਹ ਹਰ ਥਾਂ 'ਤੇ ਹਰੇਕ ਦੇ ਅੰਦਰ ਵਿਆਪਕ ਹੈ।

ਮਨ ਸਿਰਫ ਸ਼ਰਧਾ ਤੇ ਪਿਆਰ ਨਾਲ ਉਸ ਕਰਤਾਰ ਨਾਲ ਸਦਾ ਵਾਸਤੇ ਜੁੜ ਸਕਦਾ ਹੈ। ਪ੍ਰਮਾਤਮਾ, ਗੁਰੂ ਤੇ ਸੰਤਾਂ ਦੀ ਨਜ਼ਰਾਂ ਵਿਚ ਸਮਾਜਿਕ ਰੁਤਬਾ, ਤਾਕਤ, ਸਿਧਾਂਤਾਂ, ਮਾਇਆ, ਅਕਲਮੰਦੀ, ਜਾਤ, ਪਾਤ, ਸੰਨਿਆਸ, ਰੀਤ-ਰਿਵਾਜ ਦਾ ਕੋਈ ਮਹੱਤਵ ਨਹੀਂ ਹੁੰਦਾ। ਕਿਸੇ ਉਪਰ ਦਇਆ ਕਰਨਾ, ਸੰਸਾਰਕ ਪ੍ਰਾਪਤੀਆਂ, ਪ੍ਰਸਿੱਧੀ ਤੇ ਸੱਤਾ, ਇਨ੍ਹਾਂ ਗੱਲਾਂ ਨੂੰ ਪ੍ਰਮਾਤਮਾ ਕੋਈ ਤਰਜ਼ੀਹ ਨਹੀਂ ਦਿੰਦਾ।

ਪੂਰਨ ਗੁਰੂ ਦੇ ਉਪਦੇਸ਼ ਬਿਨਾਂ ਕੋਈ ਵੀ ਜੀਵ ਪ੍ਰਮਾਤਮਾ, ਸਤਿਗੁਰੂ ਤੇ ਸੰਤਾਂ ਨਾਲ ਨਹੀਂ ਜੁੜ ਸਕਦਾ। ਪੂਰਨ ਗੁਰੂ ਹੀ ਦ੍ਰਿੜ ਤੌਰ 'ਤੇ ਪ੍ਰਮਾਤਮਾ ਨਾਲ ਜੋੜਦਾ ਹੈ। ਗੁਰੂ ਦਾ ਉਪਦੇਸ਼ ਮਨ ਵਿਚ ਝੂਠ ਨੂੰ ਨਵਿਰਤ ਕਰਕੇ ਸਤਿ ਟਿਕਾਉਂਦਾ ਹੈ। ਇਹ ਉਪਦੇਸ਼ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਜੁੜਣ ਦਾ ਰਸਤਾ ਬਣਾਉਂਦਾ ਹੈ। ਗਿਆਨ ਨਾਲ ਰੁਸ਼ਨਾਇਆ ਮਨ ਪ੍ਰਮਾਤਮਾ ਦੀ ਹੋਂਦ ਨੂੰ ਅੰਦਰ ਮਹਿਸੂਸ ਕਰਦਾ ਹੈ।

ਸੰਤ ਉਹ ਹਨ ਜੋ ਮਨ ਨੂੰ ਸੁਭਾਵਕ ਪ੍ਰਮਾਤਮਾ, ਗੁਰੂ ਤੇ ਹੋਰਨਾਂ ਸੰਤਾਂ ਨਾਲ ਜੁੜਿਆ ਅਨੁਭਵ ਕਰਦੇ ਹਨ। ਤੇ ਸੰਤ ਪ੍ਰਮਾਤਮਾ, ਗੁਰੂ ਤੇ ਸੰਤਾਂ ਬਾਬਤ ਇਹ ਸਪੱਸ਼ਟ ਆਖਦੇ ਹਨ ਕਿ ਉਹ ਕਿਵੇਂ ਪ੍ਰਮਾਤਮਾ, ਗੁਰੂ ਤੇ ਸੰਤਾਂ ਨੂੰ ਆਪਣੇ ਹਿਰਦੇ ਵਿਚ ਮਹਿਸੂਸ ਕਰਦੇ ਹਨ। ਪ੍ਰਮਾਤਮਾ, ਗੁਰੂ ਤੇ ਸੰਤਾਂ ਦੀ ਸਿਫਤਿ-ਸਾਲਾਹ, ਸ਼ਲਾਘਾ, ਸ਼ਰਧਾ ਤੇ ਪ੍ਰੇਮ ਦੇ ਸ਼ਬਦ ਕੋਈ ਪਾਖੰਡ ਨਹੀਂ। ਉਨ੍ਹਾਂ ਦੇ ਸ਼ਬਦ ਬਿਲਕੁਲ ਸੱਚ ਬੋਲਦੇ ਹਨ। ਉਹ ਪ੍ਰਮਾਤਮਾ ਦੇ ਅੰਗ-ਸੰਗ ਹੁੰਦੇ ਹਨ ਤੇ ਪ੍ਰਮਾਤਮਾ ਉਨ੍ਹਾਂ ਦੇ ਅੰਗ-ਸੰਗ ਹੁੰਦਾ ਹੈ। ਇਨ੍ਹਾਂ ਦੋਨਾਂ ਵਿਚ ਇਹ ਬੰਧਨ ਭਗਤਾਂ ਦੇ ਰੂਹਾਨੀ ਤਜਰਬੇ ਰਾਹੀਂ ਮਹਿਸੂਸ ਕੀਤਾ ਜਾਂਦਾ ਹੈ। ਨਤੀਜੇ ਵਜੋਂ ਰੂਹਾਨੀ ਅਨੁਭਵ ਨੂੰ

ਸਹਿਜ ਕਿਹਾ ਜਾਂਦਾ ਹੈ। ਸਹਿਜ ਪ੍ਰਮਾਤਮਾ ਦੇ ਦਰਸ਼ਨ ਵੱਲ ਲੈ ਜਾਂਦਾ ਹੈ। ਪ੍ਰਮਾਤਮਾ ਦੇ ਦਰਸ਼ਨ ਵਿਚ ਭਗਤ ਦਾ ਮਨ ਅਨੇਕ ਪ੍ਰਕਾਰ ਨਾਲ ਉਸ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨਦਾ ਹੈ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਦੱਸੇ ਹੋਏ ਵਿਚਾਰ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਉਤੇ ਆਧਾਰਿਤ ਹਨ। ਇਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਗੁਰੂ ਦਾ ਉਪਦੇਸ਼ ਤੇ ਸਿੱਖਾਂ ਦੇ ਯਾਦ ਕੀਤੇ ਉਪਦੇਸ਼ ਵਿਚਕਾਰ ਕੋਈ ਪੱਕਾ ਦਾਅਵਾ ਨਹੀਂ ਹੈ। ਇਸ ਵਿਸ਼ੇ ਵਿਚ ਗੁਰੂ ਤੋਂ ਸਿੱਖਿਆ ਪ੍ਰਾਪਤ ਕਰਨ ਦਾ ਹੀਲਾ ਹੀ ਮੰਨਿਆ ਜਾ ਸਕਦਾ ਹੈ। ਪਾਠਕਾਂ, ਗੁਰੂ ਦੇ ਸਿੱਖਾਂ ਨੂੰ ਅਰਜ਼ੋਈ ਕੀਤੀ ਜਾਂਦੀ ਹੈ ਕਿ ਉਹ ਇਸ ਕਿਤਾਬ ਵਿਚ ਦਿੱਤੇ ਸਿਧਾਂਤਾਂ ਨੂੰ ਹੋਰਾਂ ਨਾਲ ਸਾਂਝਿਆਂ ਕਰਨ। ਇਹ ਸਾਂਝ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਬਾਰੇ ਲੇਖਕ ਦੇ ਵਿਚਾਰਾਂ ਨੂੰ ਅੱਗੇ ਵਧਾ ਸਕਦੀ ਹੈ।

ਇਸ ਨੂੰ ਲਿਖਣ ਦਾ ਮੁੱਖ ਉਦੇਸ਼ ਇਹ ਹੈ ਕਿ ਗੁਰੂ ਦੀ ਸਿੱਖਿਆਵਾਂ ਨੂੰ ਉਨ੍ਹਾਂ ਤਕ ਪਹੁੰਚਾਇਆ ਜਾਵੇ, ਜਿਹੜੇ ਗੁਰੂ ਕੋਲੋਂ ਸਿੱਖਣ ਦੀ ਲੋੜ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਵੀ ਜੋ ਗੁਰੂ ਗਿਆਨ ਦੀ ਪ੍ਰਾਪਤੀ ਲਈ ਪਹਿਲਾਂ ਹੀ ਯਤਨਸ਼ੀਲ ਹਨ ਤੇ ਇਥੇ ਦੱਸੇ ਗਏ ਵਿਚਾਰਾਂ ਤੋਂ ਫਾਇਦਾ ਲੈ ਸਕਦੇ ਹਨ। ਜੇ ਕੋਈ ਗੁਰੂ ਦਾ ਸਿੱਖ ਇਨ੍ਹਾਂ ਵਿਚਾਰਾਂ ਤੋਂ ਮਦਦ ਪ੍ਰਾਪਤ ਕਰਦਾ ਹੈ ਤਾਂ ਇਸ ਦੀ ਲੇਖਕ ਨੂੰ ਬਹੁਤ ਖ਼ੁਸ਼ੀ ਮਹਿਸੂਸ ਹੋਵੇਗੀ।

ਇਸ ਕਿਤਾਬ ਵਿਚ ਅਸੀਂ ਗੁਰੂ ਦੇ ਗਿਆਨ ਮੁਤਾਬਕ ''ਪ੍ਰਮਾਤਮਾ ਦੀ ਸਹਿਜ ਨਾਲ ਭਗਤੀ'' ਦੇ ਵਿਸ਼ੇ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਆਸ ਕਰਦੇ ਹਾਂ ਕਿ ਇਸ ਵਿਚਾਰ-ਵਟਾਂਦਰੇ ਦਾ ਪਾਠਕਾਂ ਨੂੰ ਲਾਹਾ ਹੋਵੇਗਾ। ਗੁਰੂ ਤੇ ਉਨ੍ਹਾਂ ਦੇ ਸਿੱਖਾਂ ਨੂੰ ਸਹਿਜ ਅਵਸਥਾ ਵਿਚ ਪ੍ਰਮਾਤਮਾ ਦੀ ਭਗਤੀ ਕਿਵੇਂ ਪੂਰਨ ਤੌਰ 'ਤੇ ਮਹਿਸੂਸ ਹੁੰਦੀ ਹੈ।

ਪਿਆਰ ਹੀ ਪ੍ਰਮਾਤਮਾ, ਗੁਰੂ, ਭਗਤ ਤੇ ਸਿੱਖ ਵਿਚ ਇੱਕ ਆਮ ਸਾਂਝ ਹੈ। ਇਹ ਪਿਆਰ ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਉਪਦੇਸ਼ ਦੁਆਰਾ ਹੀ ਪੈਦਾ ਹੁੰਦਾ ਹੈ। ਪਿਆਰ ਦਾ ਸ਼ਿਖਰ ਹੀ ਮਨ ਦੀ ਸਹਿਜ ਅਵਸਥਾ ਹੈ। ਇਹ ਸਹਿਜ ਅਵਸਥਾ ਮਨ ਦੀ ਜਾਗ੍ਰਤੀ ਹੈ ਜਿਹੜੀ ਕਿ ਪ੍ਰਮਾਤਮਾ ਨਾਲ ਜੁੜੀ ਹੋਈ ਹੈ। ਸੱਚਾ ਗੁਰੂ ਤੇ ਉਸ ਦੇ ਸਿੱਖ ਜਿਹੜੇ ਗੁਰੂ ਦੇ ਬ੍ਰਹਮ ਗਿਆਨ ਰਾਹੀਂ ਪੂਰਨ ਬੋਧ ਪ੍ਰਾਪਤ ਕਰਦੇ ਹਨ, ਉਹ ਪ੍ਰਮਾਤਮਾ ਦੀ ਮਿਹਰ ਨਾਲ ਸਹਿਜ ਅਵਸਥਾ ਦਾ ਅਨੰਦ ਮਾਣਦੇ ਹਨ।

ਡਾ. ਅਮਰਜੀਤ ਸਿੰਘ ਬਲ
ਸਟੌਕਟਨ, ਕੈਲੀਫੋਰਨੀਆ, ਅਮਰੀਕਾ
2017
E-mail:amarjitbal2000@yahoo.com.

# ਪੁਸਤਕ ਬਾਬਤ ਸੰਖੇਪ ਕਥਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਮਨੁੱਖਤਾ ਦੀ ਭਲਾਈ ਵਾਸਤੇ ਹੈ। ਮਨ ਦੀ ਸਹਿਜ ਅਵਸਥਾ ਵਿਚ ਜੁੜੀ ਬਾਣੀ ਸਿੱਖ ਨੂੰ ਮਨ ਦੀ ਸਹਿਜ ਅਵਸਥਾ ਪ੍ਰਾਪਤ ਕਰਨ ਲਈ ਸਿਖਾਉਂਦੀ, ਪ੍ਰੇਰਿਤ ਕਰਦੀ ਤੇ ਮਿਹਰ ਬਖਸ਼ਦੀ ਹੈ।

ਮਨ ਦੀ ਸਹਿਜ ਅਵਸਥਾ ਸੁਭਾਵਕ, ਅਨੰਦ ਵਿਚ, ਆਪਣੇ ਆਪ, ਸ਼ਰਧਾ ਤੇ ਪਿਆਰ ਦੀ ਭਾਵਨਾ ਕਰਕੇ ਭਗਤ ਦੇ ਮਨ ਨੂੰ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਜੋੜਦੀ ਹੈ। ਰੂਹਾਨੀ ਅਨੁਭਵ ਜੀਵਨ ਦਾ ਸਦੀਵੀ ਤੇ ਨਿਰਪੇਖ ਸਮਾਂ ਹੈ। ਇਹ ਅਨੁਭਵ ਆਤਮ-ਅਨੰਦ, ਸੱਚੀ ਪ੍ਰਸੰਨਤਾ ਤੇ ਸੱਚੀ ਸ਼ਾਂਤੀ ਪ੍ਰਦਾਨ ਕਰਨ ਵਾਲਾ ਹੈ। ਜੀਵਨ ਦੇ ਚੰਗੇ-ਮਾੜੇ ਹਾਲਾਤ ਭਗਤ ਦੀ ਸੁਰਤਿ ਨੂੰ ਪ੍ਰਭਾਵਿਤ ਨਹੀਂ ਕਰਦੇ।

ਸਹਿਜ ਪ੍ਰਮਾਤਮਾ ਵਲੋਂ ਆਪਣੇ ਭਗਤ ਨੂੰ ਬਖ਼ਸ਼ੀ ਸਭ ਤੋਂ ਵੱਡੀ ਦਾਤ ਹੈ, ਦੂਸਰੀ ਉਸ ਦੇ ਫਲਸਫੇ ਦੀ ਮਿਹਰ ਤੇ ਪ੍ਰਮਾਤਮਾ ਦੇ ਦਰਸ਼ਨ ਹਨ। ਸਹਿਜ ਤੇ ਦਰਸ਼ਨ (ਫਲਸਫਾ) ਪ੍ਰਮਾਤਮਾ ਦੀਆਂ ਮਿਹਰਾਂ ਹਨ, ਜਦੋਂ ਸੇਵਕ ਪ੍ਰਮਾਤਮਾ ਨਾਲ ਜੁੜਣ ਲਈ ਅਰਜ਼ੋਈਆਂ ਕਰਦਾ ਹੈ। ਸਹਿਜ ਪ੍ਰਮਾਤਮਾ ਦੇ ਸੇਵਕ ਦੇ ਗਿਆਨ ਦੇ ਪਰਦੇ ਖੋਲ੍ਹ ਦਿੰਦੀ ਹੈ, ਜਿਸ ਬਾਰੇ ਕੋਈ ਕੁਝ ਨਹੀਂ ਜਾਣਦਾ।

## ਸਹਿਜ ਤੇ ਪ੍ਰਮਾਤਮਾ ਦੇ ਦਰਸ਼ਨ ਬਾਬਤ ਗੁਰੂ ਨਾਨਕ ਦੇਵ ਜੀ ਦੇ ਸ਼ਬਦ :

ਇਸ ਪੁਸਤਕ ਵਿਚ ਸਾਰੀ ਵਿਚਾਰ-ਵਟਾਂਦਰਾ ਦਾ ਜ਼ਿਕਰ ਹੇਠ ਲਿਖੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੁਆਰਾ ਦਰਜ਼ ਹੈ :

**ਜੇਕਰ ਸੇਵਕ ਸੁਭਾਵਕ, ਸ਼ਰਧਾ ਨਾਲ, ਸੁਤੇ ਸਿਧ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਉਸ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ।**

ਮਨ ਦੀ ਸਹਿਜ ਅਵਸਥਾ ਤਦ ਹਾਸਲ ਹੁੰਦੀ ਹੈ, ਜਦੋਂ ਸੇਵਕ ਸ਼ਰਧਾ ਨਾਲ, ਸੁਭਾਵਕ ਤੇ ਨਿਰੰਤਰ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਉਸ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਇਸ ਅਵਸਥਾ ਵਿਚ ਸੇਵਕ ਪ੍ਰਮਾਤਮਾ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ। ਸੇਵਕ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਉਹ ਅਕਾਲ ਪੁਰਖ ਤੇ ਅਕਾਲ ਪੁਰਖ ਦਾ ਨਿਮਾਣਾ ਸੇਵਕ ਫਿਰ ਸਦਾ ਲਈ ਇਕ ਮਿਕ ਹੋ ਜਾਂਦੇ ਹਨ। ਸੇਵਕ ਹਰ ਥਾਂ ਉਸ

ਵਾਹਿਗੁਰੂ ਅਕਾਲ ਪੁਰਖ ਨੂੰ ਹਾਜ਼ਰ-ਨਾਜ਼ਰ ਪਾਉਂਦਾ ਹੈ।

ਗੁਰੂ ਦਾ ਸਿੱਖ ਪ੍ਰਮਾਤਮਾ ਨੂੰ ਸਿਮਰਦਾ ਹੈ ਤੇ ਸਹਿਜ ਅਵਸਥਾ ਪ੍ਰਾਪਤ ਕਰਦਾ ਹੈ। ਗੁਰੂ ਦੇ ਉਪਦੇਸ਼ ਤੇ ਜੀਵ ਜਨਮ-ਮਰਨ ਦੇ ਗੇੜ ਵਿਚ ਫਸਿਆ ਰਹਿੰਦਾ ਹੈ।

ਸੱਚਾ ਗੁਰੂ ਜੀਵ ਨੂੰ ਸਤਿ ਨਾਲ ਜੋੜਦਾ ਹੈ, ਉਹ ਆਪਣੇ ਸਿੱਖ ਨੂੰ ਉਸ ਅਕੱਥ ਪਾਰਬ੍ਰਹਮ ਦੀ ਵਡਿਆਈ ਦੀ ਸੂਝ ਪ੍ਰਦਾਨ ਕਰਦਾ ਹੈ ਤੇ ਉਹ ਉਸ ਦੇ ਗਿਆਨ ਨਾਲ ਉਸ ਵਾਹਿਗੁਰੂ ਨਾਲ ਇਕ-ਮਿਕ ਹੋ ਜਾਂਦਾ ਹੈ। ਵਾਹਿਗੁਰੂ ਦਾ ਸੇਵਕ ਉਸ ਅਕਾਲ ਪੁਰਖ ਉਪਰ ਸੁਭਾਵਕ ਭਰੋਸਾ ਕਰਦਾ ਹੈ। ਉਸ ਦਾ ਮਾਲਕ ਅਬਿਨਾਸੀ ਹੈ ਤੇ ਉਹ ਉਸ ਨਾਲ ਪ੍ਰੀਤ ਕਰਦਾ ਹੈ।

ਮਨ ਸਰੀਰ ਅੰਦਰ ਹੈ। ਉਹ ਅਬਿਨਾਸੀ ਪ੍ਰਭੂ ਸੇਵਕ ਦੇ ਮਨ ਵਿਚ ਵਿਆਪਕ ਹੈ। ਸੇਵਕ ਉਸ ਅਕਾਲ ਪੁਰਖ ਨਾਲ ਇਕ-ਮਿਕ ਹੋ ਜਾਂਦਾ ਹੈ ਤੇ ਉਹ ਸ਼ਰਧਾ ਨਾਲ ਉਸ ਦਾ ਨਾਮ ਸਿਮਰਦਾ ਰਹਿੰਦਾ ਹੈ। ਅਜਿਹਾ ਸੇਵਕ ਸਦਾ ਹੀ ਉਸ ਅਕਾਲ ਪੁਰਖ ਅੱਗੇ ਨਿਮਾਣਾ ਹੁੰਦਾ ਹੈ। ਉੱਪਰ ਦੱਸਿਆ ਉਦੋਂ ਹੀ ਵਾਪਰਦਾ ਹੈ, ਜਦ ਜੀਵ ਸੱਚੇ ਗੁਰੂ ਨੂੰ ਮਿਲਦਾ ਹੈ।

ਪ੍ਰਮਾਤਮਾ ਆਪਣੇ ਸੇਵਕ ਨੂੰ ਆਪਣੇ ਦਰਸ਼ਨ-ਦੀਦਾਰ ਬਖ਼ਸ਼ਦਾ ਹੈ। ਅਸਲ ਵਿਚ ਉਹ ਆਪਣੇ ਆਪਣੇ ਨੂੰ ਆਪਣੇ ਸੇਵਕ ਵਿਚ ਵੇਖਦਾ ਹੈ। ਪ੍ਰਮਾਤਮਾ ਕਠੋਰ ਤਪਾਂ ਨਾਲ ਪ੍ਰਭਾਵਤ ਨਹੀਂ ਹੁੰਦਾ ਤੇ ਨਾ ਹੀ ਹੋਰਨਾਂ ਸਿਧਾਂਤਾਂ ਨੂੰ ਅਪਨਾਉਣ ਨਾਲ ਖ਼ੁਸ਼ ਹੁੰਦਾ ਹੈ। ਸ਼ਰਧਾ ਤੇ ਪ੍ਰੇਮ ਨਾਲ ਕੀਤੀ ਅਕਾਲ ਪੁਰਖ ਦੀ ਭਗਤੀ ਸੇਵਕ ਦੇ ਮਨ ਨੂੰ ਅਨੰਦ ਤੇ ਤ੍ਰਿਪਤੀ ਬਖਸ਼ਦੀ ਹੈ। ਪ੍ਰਮਾਤਮਾ ਆਪਣੇ ਸੇਵਕ ਦੇ ਮਨ ਨੂੰ ਉਸ ਦਾ ਨਾਮ ਅੰਮ੍ਰਿਤ ਪ੍ਰਾਪਤ ਕਰਨ ਦੇ ਯੋਗ ਬਣਾ ਦਿੰਦਾ ਹੈ।

ਮਨ ਦੀ ਚਤਰਾਈ ਤੇ ਬੁੱਧੀਮਤਾ ਦੇ ਹੀਲਿਆਂ ਰਾਹੀਂ ਜਨਮ-ਮਰਨ ਦੇ ਗੇੜ ਦੀ ਖਲਾਸੀ ਨਹੀਂ ਹੁੰਦੀ, ਤੇ ਜਿਹੜਾ ਜੀਵ ਗਲਤੀਆਂ ਤੇ ਗਲਤੀਆਂ ਹੀ ਕਰਦਾ ਰਹਿੰਦਾ, ਉਹ ਮਾੜੇ ਨਤੀਜਿਆਂ ਦਾ ਫਲ ਭੁਗਤਦਾ ਹੈ। ਸ਼ਰਧਾ ਤੇ ਭਉ ਨਾਲ ਪ੍ਰਮਾਤਮਾ ਨੂੰ ਸਿਮਰਨਾ ਹੀ ਸਹੀ ਆਚਰਨ ਹੈ। ਨਿਮਾਣਾ ਹੋ ਕੇ ਪ੍ਰਮਾਤਮਾ ਦੀ ਸੇਵਾ-ਸਿਮਰਨ ਕਰਨ ਨਾਲ ਗੁਰੂ ਦੇ ਸਿੱਖ ਦਾ ਪ੍ਰਮਾਤਮਾ ਤੋਂ ਵਿਛੋੜਾ ਖਤਮ ਹੋ ਜਾਂਦਾ ਹੈ।

ਮੂਰਤੀਆਂ ਦੀ ਪੂਜਾ, ਤੀਰਥ ਅਸਥਾਨਾਂ ਦੇ ਇਸ਼ਨਾਨ ਤੇ ਜੰਗਲਾਂ ਵਿਚ ਰਹਿਣਾ ਜੀਵ ਦੀ ਬੇਜੜਤਾ, ਦੁਚਿੱਤੀ ਅਤੇ ਉਦਾਸੀਨਤਾ ਦੇ ਇਜ਼ਹਾਰ ਹਨ। ਜੇਕਰ ਮਨ ਮਲੀਨ ਹੈ, ਤਾਂ ਇਹ ਸਾਰੇ ਕਰਮ ਵਿਅਰਥ ਹਨ ਪਰ ਮਨ ਮਲੀਨ ਰਹਿੰਦਾ ਹੈ। ਜਦ ਸਤਿ ਦੀ ਪ੍ਰਾਪਤੀ ਹੁੰਦੀ ਹੈ ਤਾਂ ਆਤਮ-ਲਾਭ ਪ੍ਰਾਪਤ ਹੁੰਦਾ ਹੈ।

ਜੇਕਰ ਪ੍ਰਮਾਤਮਾ ਦੀ ਕਿਸੇ ਜੀਵ ਉਪਰ ਮਿਹਰ ਹੋਵੇ ਤਾਂ ਉਹ ਗੁਰੂ ਦੀ ਸ਼ਰਨ ਆਉਂਦਾ ਹੈ। ਪ੍ਰਮਾਤਮਾ ਇਕ ਪਲ ਵਿਚ ਬੇਅੰਤ ਜੀਵਾਂ ਨੂੰ ਮੁਕਤ ਕਰ ਦਿੰਦਾ ਹੈ। ਉਸ ਦੀ

ਮਿਹਰ ਸਦਕਾ ਜੀਵ ਅਕਲਮੰਦ ਤੇ ਉੱਚੇ ਆਚਰਣ ਵਾਲਾ ਬਣਦਾ ਹੈ। ਫਿਰ ਉਸ ਦਾ ਮਨ ਟਿਕਾਅ ਪ੍ਰਾਪਤ ਕਰਦਾ ਹੈ ਅਤੇ ਸਦਾ ਵਾਸਤੇ ਇਕ ਅਕਾਲ ਪੁਰਖ ਨਾਲ ਇਕ-ਮਿਕ ਹੋ ਜਾਂਦਾ ਹੈ।

ਪ੍ਰਮਾਤਮਾ ਦਾ ਸੇਵਕ ਸੁਤੇ ਸਿਧ ਤੇ ਆਪਣੇ ਆਪ ਪ੍ਰਮਾਤਮਾ ਦੇ ਸਿਮਰਨ ਵਿਚ ਜੁੜਦਾ ਹੈ। ਸੇਵਕ ਵਾਸਤੇ ਪ੍ਰਮਾਤਮਾ ਤੋਂ ਇਲਾਵਾ ਹੋਰ ਕੋਈ ਪਿਆਰਾ ਨਹੀਂ ਹੁੰਦਾ। ਉਹ ਪ੍ਰਮਾਤਮਾ ਅੱਗੇ ਇਹ ਅਰਜ਼ੋਈ ਕਰਦਾ ਹੈ ਕਿ ਉਹ ਉਸ ਨੂੰ ਸਦਾ ਆਪਣੇ ਚਰਨਾਂ ਵਿਚ ਜੁੜੇ ਰਹਿਣ ਦੀ ਦਾਤ ਬਖਸ਼ੇ। ਅਜਿਹਾ ਸੇਵਕ ਪ੍ਰਮਾਤਮਾ ਦੀ ਸਿਫਤ-ਸਾਲਾਹ ਵਿਚ ਕੋਈ ਵਿਖਾਵਾ ਨਹੀਂ ਕਰਦਾ। ਸੇਵਕ ਪ੍ਰਮਾਤਮਾ ਤੋਂ ਮਿਹਰ ਦੀ ਤਾਂਘ ਰੱਖਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ, ਅੰਗ ੬੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

# ਦੋ ਸ਼ਬਦ

ਹੱਥਲੀ ਪੁਸਤਕ ''ਪ੍ਰਮਾਤਮਾ ਦੀ ਸਹਿਜ ਨਾਲ ਭਗਤੀ'' ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਗੁਰੂ ਨਾਨਕ ਦੇਵ ਜੀ ਤੇ ਹੋਰਨਾਂ ਗੁਰੂਆਂ ਦੇ ਰੂਹਾਨੀ ਗਿਆਨ ਨੂੰ ਸਮਝਣ ਵਾਸਤੇ ਛੋਟਾ-ਜਿਹਾ ਉਪਰਾਲਾ ਕੀਤਾ ਗਿਆ ਹੈ। ਰੂਹਾਨੀ ਗਿਆਨ ਦੇ ਉਪਦੇਸ਼ਾਂ ਨੂੰ ਮੇਰੇ ਸਮਝਣ ਦਾ ਇਹ ਨਤੀਜਾ ਹੈ, ਜੋ ਇਕ ਗੁਰੂ ਦੇ ਸਿੱਖ ਦੇ ਤੌਰ 'ਤੇ ਸਿਖਿਆ ਹੈ।

ਮੈਂ ਉਨ੍ਹਾਂ ਸਾਰੇ ਸਿੱਖ ਸੰਤਾਂ ਦਾ ਤਹਿਦਿਲ ਨਾਲ ਸ਼ੁਕਰਗੁਜਾਰ ਹਾਂ। ਇਕ ਸਿੱਖ ਦੇ ਤੌਰ 'ਤੇ ਉਨ੍ਹਾਂ ਗੁਰੂਆਂ ਤੋਂ ਬ੍ਰਹਮ ਗਿਆਨ ਦੀ ਸੂਝ ਪ੍ਰਾਪਤ ਕੀਤੀ ਹੈ। ਉਨ੍ਹਾਂ ਸਿੱਖਾਂ ਦੇ ਸਹਿਯੋਗ ਨਾਲ ਇਸ ਦਾ ਕਾਫੀ ਮਹੱਤਵ ਹੈ, ਜੋ ਵਾਹਿਗੁਰੂ ਦਾ ਸਿਮਰਨ ਲੋਚਦੇ ਹਨ। ਇਸ ਲਈ ਮੈਂ ਇਹ ਪੁਸਤਕ ਸਾਧਸੰਗਤ ਨੂੰ ਅਰਪਣ ਕਰਦਾ ਹਾਂ।

ਮੈਂ ਖਾਸ ਤੌਰ 'ਤੇ ਗੁਰਪੁਰਵਾਸੀ ਸੰਤ ਬਾਬਾ ਕਰਮ ਸਿੰਘ ਜੀ ਦਾ ਕੋਟਿ-ਕੋਟਿ ਸ਼ੁਕਰਗੁਜਾਰ ਹਾਂ। ਭਾਰਤ ਦੀ ਵੰਡ ਤੋਂ ਪਹਿਲਾਂ ਉਹ ਰਾਵਲਪਿੰਡੀ (ਪਾਕਿਸਤਾਨ) ਵਿਚ ਵਸਦੇ ਸਨ। 1947 ਤੋਂ ਬਆਦ ਉਹ ਲੁਧਿਆਣਾ, ਪੰਜਾਬ ਵਿਚ ਰਹਿਣ ਲੱਗੇ। ਮੈਂ ਮੰਨਦਾ ਹਾਂ ਕਿ ਉਨ੍ਹਾਂ ਵਾਹਿਗੁਰੂ ਦੇ ਗਿਆਨ ਦੀ ਸਹਿਜ ਅਵਸਥਾ ਪ੍ਰਾਪਤ ਕਰ ਲਈ ਸੀ। ਸ਼ਰਧਾ ਤੇ ਪਿਆਰ ਨਾਲ ਉਸ ਪ੍ਰਮਾਤਮਾ, ਗੁਰੂ ਤੇ ਸੰਤਾਂ ਨਾਲ ਸਾਂਝ ਮਨ ਦੀ ਸਦੀਵੀ ਤੇ ਅਨੰਦ ਬਖ਼ਸ਼ਣ ਵਾਲੀ ਗਿਆਨ ਦੀ ਸਹਿਜ ਅਵਸਥਾ ਹੈ। ਸਹਿਜ ਵਿਚ ਪ੍ਰਮਾਤਮਾ ਦੀ ਭਗਤੀ ਦੇ ਮੇਰੇ ਸਫ਼ਰ ਦੀ ਸ਼ੁਰੂਆਤ ਉਨ੍ਹਾਂ ਵਲੋਂ ਹੀ ਕਰਵਾਈ ਗਈ ਸੀ। ਪਿਛਲੇ ਕੁਝ ਸਮੇਂ ਤੋਂ ਮੈਂ ਸੰਸਾਰੀ ਤੇ ਰੂਹਾਨੀ ਸੂਝ ਸਮਝ ਤੇ ਸਹਾਇਤਾ ਲਈ ਮੈਂ ਅਕਸਰ ਉਨ੍ਹਾਂ ਅੱਗੇ ਅਰਜ਼ੋਈ ਕੀਤੀ ਹੈ।

ਸਾਡੇ ਵਿਚੋਂ ਬਹੁਤਿਆਂ ਲਈ ਇਹ ਗਿਆਨ ਦੀ ਸਹਿਜ ਅਵਸਥਾ ਕਾਫੀ ਸਮੇਂ ਪਿਛੋਂ ਯਤਨ ਕਰਨ ਨਾਲ ਪ੍ਰਾਪਤ ਹੁੰਦੀ ਹੈ। ਮੈਂ ਅਕਾਲ ਪੁਰਖ ਪ੍ਰਮਾਤਮਾ ਤੇ ਗੁਰੂ ਦੋਹਾਂ ਦਾ ਸ਼ੁਕਰਗੁਜਾਰ ਹਾਂ, ਜਿਨ੍ਹਾਂ ਮੈਨੂੰ ਸਹਿਜ ਦੇ ਟੀਚੇ ਤਕ ਪਹੁੰਚਾਇਆ ਹੈ। ਗੁਰਬਾਣੀ ਦਾ ਸਿਮਰਨ ਹੀ ਅਸਲ ਵਿਚ ਸਹੀ ਤੇ ਫਲ ਦੇਣ ਵਾਲਾ ਰਾਹ ਹੈ ਜੋ ਸਹਿਜ ਨਾਲ ਜੋੜਦਾ ਹੈ।

ਮੈਂ ਵਾਹਿਗੁਰੂ ਦਾ ਸ਼ੁਕਰਗੁਜਾਰ ਹਾਂ, ਜਿਨ੍ਹਾਂ ਮੈਨੂੰ ਪੁਸਤਕ ਨੂੰ ਸੰਪੂਰਨ ਕਰਨ ਲਈ ਬਲ ਬਖ਼ਸ਼ਿਆ ਹੈ। ਇਹ ਪੁਸਤਕ ਉਸ ਵੇਲੇ ਮੁਕੰਮਲ ਹੋਈ ਜਦੋਂ ਮੇਰੀ ਪਤਨੀ ਤੇਜਿੰਦਰ ਦਾ ਅਚਾਨਕ ਅਕਾਲ ਚਲਾਣਾ ਹੋ ਗਿਆ। ਮੈਂ ਵਿਸ਼ਵਾਸ ਰੱਖਦਾ ਹਾਂ ਕਿ ਉਹ ਜ਼ਰੂਰ ਉਨ੍ਹਾਂ ਦੀ ਸੰਗਤ ਵਿਚ ਹੈ ਜਿਹੜੇ ਰੱਬ ਨੂੰ ਪਿਆਰ ਕਰਦੇ ਹਨ ਅਤੇ ਸਤਿਕਾਰ ਦਿੰਦੇ ਹਨ। ਮੈਂ ਵਾਹਿਗੁਰੂ ਦਾ ਇਸ ਮਿਹਰ ਲਈ ਸ਼ੁਕਰਗੁਜਾਰ ਹਾਂ। ਉਸਦੇ ਅਕਾਲ ਚਲਾਣਾ ਕਰਨ ਤੋਂ ਕੁੱਝ ਹਫਤੇ ਪਹਿਲਾਂ ਹੀ ਸਾਨੂੰ ਆਪਣੇ ਪੋਤਰੇ, ਅਮਾਨਤ ਦੀ ਦਾਤ ਬਖਸ਼ਿਸ਼ ਹੋਈ ਸੀ।

ਅਸੀਂ ਉਸ ਹੈਰਾਨ ਕਰਨ ਵਾਲੀ ਮਸ਼ੀਨ ਜਿਸ ਨੂੰ ਕੰਪਿਊਟਰ ਕਹਿੰਦੇ ਹਾਂ, ਉਸ ਦੀ ਸਹਾਇਤਾ ਲੈਂਦੇ ਹਾਂ। ਮੈਂ ਵਿਸ਼ੇਸ਼ ਤੌਰ 'ਤੇ ਉਸ ਸਿਰਜਣਹਾਰ ਕਰਤਾਰ ਦਾ ਸ਼ੁਕਰਗੁਜਾਰ ਹਾਂ, ਜਿਸ ਨੇ ਸ਼ਾਂਤੀ ਦੇ ਉਦੇਸ਼ ਵਾਸਤੇ ਬੇਅੰਤ ਲਾਹੇਵੰਦ ਮਸ਼ੀਨਾਂ ਰਚੀਆਂ ਹਨ। ਇਹ ਪੁਸਤਕ ਕੰਪਿਊਟਰ ਦੀ ਮਦਦ ਤੋਂ ਬਿਨਾਂ ਪਾਠਕ ਸੱਜਣਾਂ ਦੇ ਹੱਥਾਂ ਵਿਚ ਨਹੀਂ ਪੁੱਜ ਸਕਦੀ ਸੀ।

27 ਜੂਨ, 2013

# ਪਾਠਕਾਂ ਵਾਸਤੇ ਨੋਟ

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਸ ਪੂਰੀ ਰਚਨਾ ਵਿਚ ਦਿੱਤੇ ਵਿਚਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਤੇ ਅਧਾਰਿਤ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਗੁਰੂ ਵਲੋਂ ਦਿੱਤੇ ਉਪਦੇਸ਼ ਤੇ ਸਿੱਖਾਂ ਵਲੋਂ ਸਿਖੀ ਸਿੱਖਿਆ ਬਾਰੇ ਹੂ ਬ ਹੂ ਪੂਰਨ ਮੇਲ ਬਾਰੇ ਕੋਈ ਦਾਅਵਾ ਨਹੀਂ ਕੀਤਾ ਗਿਆ ਹੈ। ਗੁਰੂ ਦੇ ਸਿੱਖ, ਪਾਠਕ ਇਸ ਪੁਸਤਕ ਦੇ ਵਿਸ਼ੇ ਬਾਬਤ ਆਪਣੀਆਂ ਵਿਚਾਰਾਂ ਸਾਂਝਾ ਕਰ ਸਕਦੇ ਹਨ। ਇਹ ਸਾਂਝ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਪ੍ਰਤੀ ਲੇਖਕ ਦੀ ਸੋਝੀ ਨੂੰ ਹੋਰ ਵਧਾਏਗੀ।

ਇਸ ਪੁਸਤਕ ਨੂੰ ਲਿਖਣ ਦਾ ਮੁੱਖ ਉਦੇਸ਼ ਗੁਰੂ ਦੇ ਉਪਦੇਸ਼ਾਂ ਦਾ ਪ੍ਰਚਾਰ ਪ੍ਰਸਾਰ ਕਰਨਾ ਹੈ ਤੇ ਜੋ ਗੁਰੂ ਤੋਂ ਸਿਖਣ ਦੀ ਲੋੜ ਮਹਿਸੂਸ ਕਰਦੇ ਹਨ। ਤੇ ਜੋ ਪਹਿਲਾਂ ਹੀ ਗੁਰੂ ਦੇ ਗਿਆਨ ਉਪਦੇਸ਼ ਨੂੰ ਸਮਝਣ ਲਈ ਜੁੜੇ ਹੋਏ ਹਨ, ਉਨ੍ਹਾਂ ਨੂੰ ਇਸ ਦਾ ਜ਼ਰੂਰ ਲਾਭ ਹੋਵੇਗਾ ਜੋ ਵਿਚਾਰ ਇਸ ਵਿਚ ਦਰਜ਼ ਹਨ। ਜੇਕਰ ਗੁਰੂ ਦੇ ਕੁਝ ਸਿੱਖਾਂ ਨੂੰ ਇਨ੍ਹਾਂ ਵਿਚਾਰਾਂ ਦਾ ਲਾਭ ਪ੍ਰਾਪਤ ਹੁੰਦਾ ਹੈ ਤਾਂ ਲੇਖਕ ਨੂੰ ਬਹੁਤ-ਬਹੁਤ ਖ਼ੁਸ਼ੀ ਮਹਿਸੂਸ ਹੋਵੇਗੀ।

ਇਸ ਪੁਸਤਕ ਵਿਚ ਅਸੀਂ ਗੁਰੂ ਦੇ ਗਿਆਨ ਰਾਹੀਂ ਸਹਿਜ ਅਵਸਥਾ ਵਿਚ ਪ੍ਰਮਾਤਮਾ ਦੀ ਭਗਤੀ ਦੇ ਵਿਸ਼ੇ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਆਸ ਹੈ ਕਿ ਪਾਠਕਾਂ ਨੂੰ ਇਸ ਵਿਸ਼ੇ ਨੂੰ ਪੜ੍ਹਨ ਦਾ ਲਾਭ ਪ੍ਰਾਪਤ ਹੋਵੇਗਾ। ਇਹ ਕਹਿਣ ਯੋਗ ਹੈ ਕਿ ਪ੍ਰਮਾਤਮਾ ਦੀ ਸਹਿਜ ਨਾਲ ਭਗਤੀ ਸਿਰਫ ਸਤਿਗੁਰੂ ਅਤੇ ਉਹਨਾਂ ਦੇ ਸਿਖਰ ਤੇ ਪਹੁੰਚੇ ਹੋਏ ਸਿੱਖਾਂ ਦਾ ਹੀ ਅਨੁਭਵ (ਤਜਰਬਾ) ਹੈ।